# ਗੁਰਦਿਆਲ ਸਿੰਘ ਦਾ ਜੀਵਨ ਤੇ ਰਚਨਾ



ਗਿਆਨ ਪੀਠ ਅਤੇ ਪਦਮ ਸ਼੍ਰੀ ਨਾਲ ਸਨਮਾਨਿਤ ਗੁਰਦਿਆਲ ਸਿੰਘ ਪੰਜਾਬੀ ਦਾ ਸਿਰਮੌਰ ਨਾਵਲਕਾਰ ਹੈ। ਉਸ ਨੂੰ ਭਾਰਤ ਦੇ ਸਰਬ-ਉੱਚ ਸਾਹਿਤਿਕ ਸਨਮਾਨ **ਗਿਆਨ ਪੀਠ** ਨਾਲ ਸਨਮਾਨਿਆ ਗਿਆ ਹੈ। ਗੁਰਦਿਆਲ ਸਿੰਘ ਨੇ ਇੱਕ ਤੋਂ ਵੱਧ ਸਾਹਿਤ ਵਿਧਾਵਾਂ ਵਿੱਚ ਰਚਨਾ ਕੀਤੀ, ਜਿਨ੍ਹਾਂ ਵਿੱਚ ਨਾਵਲ, ਕਹਾਣੀ, ਨਾਟਕ, ਵਾਰਤਕ ਅਤੇ ਸ੍ਵੈਜੀਵਨੀਆਂ ਸ਼ਾਮਲ ਹਨ ਪਰ ਇੱਕ ਨਾਵਲਕਾਰ ਵਜੋਂ ਉਹ ਵਧੇਰੇ ਪ੍ਰਸਿੱਧ ਹੈ।

ਗੁਰਦਿਆਲ ਸਿੰਘ ਦਾ ਜਨਮ 10 ਜਨਵਰੀ 1933 ਨੂੰ ਜ਼ਿਲ੍ਹਾ ਬਰਨਾਲਾ ਦੇ **ਪਿੰਡ ਭੈਣੀ ਫੱਤਾ** ਵਿੱਚ ਆਪਣੇ ਨਾਨਕੇ ਘਰ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਸ. ਜਗਤ ਸਿੰਘ ਅਤੇ ਮਾਤਾ ਦਾ ਨਾਮ ਨਿਹਾਲ ਕੌਰ ਸੀ। ਇੱਕ ਗ਼ਰੀਬ ਪਰਿਵਾਰ ਵਿੱਚ ਪੈਦਾ ਹੋਣ ਕਾਰਨ ਉਸ ਨੂੰ ਜ਼ਿੰਦਗੀ ਵਿੱਚ ਅਨੇਕ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ। ਕਮਜ਼ੋਰ ਸਿਹਤ ਅਤੇ ਗ਼ਰੀਬੀ ਕਾਰਨ ਉਸ ਨੂੰ ਆਪਣੀ ਪੜ੍ਹਾਈ ਵਿੱਚ ਹੀ ਛੱਡਣੀ ਪਈ। ਪੜ੍ਹਾਈ ਛੱਡਣ ਤੋਂ ਬਾਅਦ ਉਸ ਨੇ ਪੂਰੇ ਅੱਠ ਸਾਲ ਸਖ਼ਤ ਮਿਹਨਤ ਕੀਤੀ। ਅੱਠ ਸਾਲ ਤਰਖਾਣੀ ਦਾ ਕੰਮ ਕੀਤਾ।

ਇਸੇ ਦੌਰਾਨ ਆਪਣੇ ਇੱਕ ਅਧਿਆਪਕ ਸ਼੍ਰੀ ਮਦਨ ਮੋਹਨ ਸ਼ਰਮਾ ਦੀ ਹੱਲਾਸ਼ੇਰੀ ਕਾਰਨ ਦੁਬਾਰਾ ਪੜ੍ਹਨਾ ਅਰੰਭ ਕੀਤਾ। ਪਹਿਲਾਂ ਦਸਵੀਂ, ਫੇਰ ਗਿਆਨੀ ਅਤੇ ਅੰਤ ਇਸ ਨੇ ਐਮ. ਏ. ਪੰਜਾਬੀ ਤਕ ਸਿੱਖਿਆ ਪ੍ਰਾਪਤ ਕੀਤੀ। ਸੰਨ 1954-70 ਤਕ ਇਹ ਸਕੂਲ ਅਧਿਆਪਕ ਰਿਹਾ ਅਤੇ 1971 ਈ. ਤੋਂ ਬ੍ਰਜਿੰਦਰਾ ਕਾਲਜ, ਫ਼ਰੀਦਕੋਟ ਵਿਖੇ ਲੈਕਚਰਾਰ ਤੇ ਉਪਰੰਤ ਪੰਜਾਬੀ ਯੂਨੀਵਰਸਿਟੀ ਰੀਜਨਲ ਸੈਂਟਰ, ਬਠਿੰਡਾ ਵਿਖੇ ਪ੍ਰੋਫ਼ੈਸਰ ਵੱਜੋਂ ਸੇਵਾ ਕੀਤੀ ਤੇ ਇਥੋਂ ਹੀ 1991 ਈ. ਵਿਚ ਰਿਟਾਇਰ ਹੋਇਆ।

ਗੁਰਦਿਆਲ ਸਿੰਘ ਦਾ ਵਿਆਹ **14** ਸਾਲ ਦੀ ਉਮਰ ਵਿੱਚ **ਬੀਬੀ ਬਲਵੰਤ** ਕੌਰ ਨਾਲ ਹੋਇਆ ਅਤੇ ਉਹ ਇੱਕ ਪੁੱਤਰ ਅਤੇ ਦੋ ਧੀਆਂ ਦਾ ਪਿਤਾ ਬਣਿਆ। ਪਰ ਸਾਰੀ ਉਮਰ ਉਹ ਸ਼ਹਿਰੀ ਤੜਕ-ਭੜਕ ਤੋਂ ਦੂਰ ਆਪਣੇ ਨਿੱਕੇ ਜਿਹੇ ਕਸਬੇ **ਜੈਤੋ** ਵਿੱਚ ਸਾਹਿਤ ਸਿਰਜਣਾ ਵਿੱਚ ਮਗਨ ਰਿਹਾ।

ਪੰਜਾਬੀ ਨਾਵਲ ਵਿਚ ਪ੍ਰੋ. ਗੁਰਦਿਆਲ ਸਿੰਘ ਨੂੰ ਵਿਸ਼ੇਸ਼ ਥਾਂ ਅਤੇ ਪ੍ਰਸੰਸਾ ਪ੍ਰਾਪਤ ਹੋਈ ਹੈ। ਸ. ਨਾਨਕ ਸਿੰਘ, ਸ. ਜਸਵੰਤ ਸਿੰਘ ਕੰਵਲ ਅਤੇ ਕਰਨਲ ਨਰਿੰਦਰ ਪਾਲ ਸਿੰਘ ਤੋਂ ਬਾਅਦ ਗੁਰਦਿਆਲ ਸਿੰਘ ਦਾ ਨਾਂ ਉਭਰ ਕੇ ਪਾਠਕਾਂ ਦੇ ਸਾਹਮਣੇ ਆਇਆ ਹੈ। **ਇਸ ਨੂੰ ਪੰਜਾਬੀ ਨਾਵਲ ਵਿਚ ਆਲੋਚਨਾਤਮਕ-ਯਥਾਰਥਵਾਦ ਦਾ ਜਨਮਦਾਤਾ ਮੰਨਿਆ ਜਾਂਦਾ ਹੈ।**

ਗੁਰਦਿਆਲ ਸਿੰਘ ਦੀ ਪਹਿਲੀ ਰਚਨਾ **ਇੱਕ ਕਹਾਣੀ** ਸੀ, ਜੋ **'ਭਾਗਾਂ ਵਾਲੇ'** ਸਿਰਲੇਖ ਹੇਠ **1957** ਵਿੱਚ **ਪੰਜ ਦਰਿਆ** ਪਰਚੇ ਵਿੱਚ ਛਪੀ। ਪਹਿਲੀ ਕਿਤਾਬ 1960 ਵਿੱਚ **ਬਕਲਮ ਖ਼ੁਦ** ਛਪੀ, ਜਿਸ ਵਿਚਲੀਆਂ ਬਹੁਤੀਆਂ ਕਹਾਣੀਆਂ ਬੱਚਿਆਂ ਲਈ ਸਨ। ਹੁਣ ਤੱਕ ਦੀ ਆਖ਼ਰੀ ਕਿਤਾਬ **ਡਗਮਗ ਛਾਡਿ ਰੇ ਮਨ ਬਉਰਾ** ਹੈ, ਜੋ **2004** ਵਿੱਚ ਛਪੀ ਹੈ। 1960 ਤੋਂ 2004 ਤੱਕ ਉਸ ਨੇ 13 ਕਹਾਣੀ-ਸੰਗ੍ਰਹਿ, 9 ਨਾਵਲ, 3 ਨਾਟਕ, 6 ਵਾਰਤਕ ਪੁਸਤਕਾਂ ਅਤੇ 9 ਬਾਲ ਕਹਾਣੀ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ।

30 ਦੇ ਕਰੀਬ ਅਹਿਮ ਪੁਸਤਕਾਂ (ਇਹਨਾਂ ਵਿੱਚ ਗੋਰਕੀ ਦੀ ਸ੍ਵੈਜੀਵਨੀ, ਮੇਰਾ ਬਚਪਨ, ਕ੍ਰਿਸ਼ਨਾ ਸੋਬਤੀ ਦਾ ਜ਼ਿੰਦਗੀਨਾਮਾ ਸ਼ਾਮਲ ਹਨ) ਦਾ **ਪੰਜਾਬੀ ਵਿੱਚ ਅਨੁਵਾਦ** ਕਰਨ ਵਾਲੇ ਇਸ ਲੇਖਕ ਨੂੰ ਬਹੁਤ ਸਾਰੇ ਸਨਮਾਨ ਤੇ ਪੁਰਸਕਾਰ ਮਿਲੇ ਹਨ। ਇਹਨਾਂ ਵਿੱਚ ਗਿਆਨਪੀਠ ਤੋਂ ਇਲਾਵਾ ਰਾਸ਼ਟਰਪਤੀ ਵੱਲੋਂ ਪਦਮ ਸ੍ਰੀ, ਭਾਰਤੀ ਸਾਹਿਤ ਅਕਾਦਮੀ ਵੱਲੋਂ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਅਤੇ ਭਾਸ਼ਾ ਵਿਭਾਗ ਵੱਲੋਂ ਨਾਨਕ ਸਿੰਘ ਨਾਵਲਕਾਰ ਪੁਰਸਕਾਰ ਸ਼ਾਮਲ ਹਨ।

ਗੁਰਦਿਆਲ ਸਿੰਘ ਦਾ **ਪਹਿਲਾ ਨਾਵਲ ਮੜ੍ਹੀ ਦਾ ਦੀਵਾ (1964)** ਹੈ। 'ਮੜ੍ਹੀ ਦਾ ਦੀਵਾ' ਰਾਹੀਂ ਪੰਜਾਬੀ ਸਾਹਿਤ ਨੂੰ ਉਸ ਦਾ ਪਹਿਲਾ **ਦਲਿਤ ਹੀਰੋ** ਦਿਤਾ। ਸੰਸਾਰ ਪੱਧਰ ਤੇ ਪ੍ਰਸਿੱਧ ਹੋਏ ਇਸ ਨਾਵਲ ਨੂੰ ਭਾਰਤੀ ਸਾਹਿਤ ਅਕਾਦਮੀ ਨੇ ਆਧੁਨਿਕ ਭਾਰਤੀ ਕਲਾਸਿਕ ਵਜੋਂ ਪ੍ਰਵਾਨਿਆ। ਇਸ ਨਾਵਲ ਨੂੰ ਸਾਰੀਆਂ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਕਰ ਕੇ ਛਾਪਿਆ ਗਿਆ। **ਰੂਸੀ ਭਾਸ਼ਾ ਵਿੱਚ ਇਹ ਚਾਰ ਲੱਖ** ਦੀ ਗਿਣਤੀ ਵਿੱਚ ਛਪਿਆ। ਇਸ ਤੇ ਇੱਕ ਫ਼ਿਲਮ ਬਣੀ, ਜਿਸ ਨੂੰ **1990 ਦਾ ਖੇਤਰੀ ਭਾਸ਼ਾ ਫ਼ਿਲਮ ਦਾ ਸਰਬੋਤਮ ਪੁਰਸਕਾਰ** ਪ੍ਰਾਪਤ ਹੋਇਆ। ਪੰਜਾਬੀ ਦਾ ਇਹ **ਪਹਿਲਾ ਆਂਚਲਿਕ ਨਾਵਲ** ਹੈ। ਇਸ ਵਿੱਚ ਲੇਖਕ ਨੇ ਪਿੰਡ ਦੇ ਬਦਲਦੇ ਵਾਤਾਵਰਨ ਵਿੱਚ ਪੁਰਾਣੀਆਂ ਅਤੇ ਨਵੀਆਂ ਕਦਰਾਂ ਦੇ ਆਪਸੀ ਟਕਰਾਅ ਨੂੰ ਪੇਸ਼ ਕੀਤਾ ਹੈ। **ਇਹ ਟਕਰਾਅ ਪਿੰਡ ਦੇ ਗ਼ਰੀਬ ਤੇ ਦਲਿਤ ਲੋਕਾਂ ਦੇ ਜੀਵਨ ਨੂੰ ਕਿਵੇਂ ਅਤੇ ਕਿਉਂ ਪ੍ਰਭਾਵਿਤ ਕਰਦਾ ਹੈ, ਇਸੇ ਨੂੰ ਸਮਝਣ ਅਤੇ ਪੇਸ਼ ਕਰਨ ਦੀ ਕੋਸ਼ਿਸ਼ ਗੁਰਦਿਆਲ ਸਿੰਘ ਦੇ ਨਾਵਲੀ ਜਗਤ ਦਾ ਮੁੱਖ ਵਿਸ਼ਾ ਹੈ।**

ਜਦੋਂ ਨਾਵਲ 'ਮੜ੍ਹੀ ਦਾ ਦੀਵਾ' ਨੇ ਪੰਜਾਬੀ ਨਾਵਲ ਵਿਚਲੀ ਆਦਰਸ਼ਵਾਦੀ ਤੇ ਰੁਮਾਂਸਵਾਦੀ ਪਰੰਪਰਾ ਦੇ ਬਰਾਬਰ ਯਥਾਰਥਵਾਦੀ ਪਰੰਪਰਾ ਲਿਆਂਦੀ ਤਾਂ ਜਗਸੀਰ ਵਰਗੇ ਮਿਹਨਤਕਸ਼ ਲੋਕਾਂ ਨੂੰ ਵੀ ਸਾਹਿਤ ਦੇ ਖੇਤਰ ਵਿਚ ਨਵੀਂ ਪਛਾਣ ਮਿਲੀ। ਕੌਮੀ ਪੱਧਰ 'ਤੇ ਸਾਹਿਤ ਚਿੰਤਕਾਂ ਵੱਲੋਂ ਇਸ ਗੱਲ ਦਾ ਉਚੇਚਾ ਨੋਟਿਸ ਲਿਆ ਗਿਆ ਕਿ ਗੁਰਦਿਆਲ ਸਿੰਘ ਨੇ ਪਹਿਲੀ ਵਾਰ ਦਲਿਤ ਜਮਾਤ ਵਿਚੋਂ ਕੋਈ ਹੀਰੋ ਲਿਆ ਹੈ। ਨਾਵਲ ਦੇ ਪ੍ਰਕਾਸ਼ਿਤ ਹੋਣ ਨਾਲ ਖੇਤ ਮਜ਼ਦੂਰ ਜਗਸੀਰ ਕੇਵਲ ਇੱਕ ਨਾਵਲ ਦਾ ਪਾਤਰ ਨਾ ਹੋ ਕੇ ਸਮੁੱਚੀ ਖੇਤ **ਮਜ਼ਦੂਰ ਜਮਾਤ ਦਾ ਪ੍ਰਤੀਨਿਧ** ਪਾਤਰ ਬਣ ਗਿਆ ਤੇ ਨਾਵਲ ਨੇ

ਸਮਾਜ ਸਾਹਮਣੇ ਇਕ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਕਿ ਉਸ ਵਰਗੇ ਮਿਹਨਤਕਸ਼ ਲੋਕ ਜੱਗ ਵਿਚ ਆ ਕੇ ਵੀ ਜੱਗ ਵਿਚ ਸੀਰ ਕਿਉਂ ਨਹੀਂ ਪਾ ਸਕਦੇ

ਸਾਹਿਤ ਅਕਾਦਮੀ ਦੁਆਰਾ ਸਨਮਾਨਿਤ ਨਾਵਲ **ਅੱਧ ਚਾਨਣੀ ਰਾਤ** (1972) ਵਿੱਚ ਇਸ ਟਕਰਾਅ ਦਾ ਤੀਬਰ ਰੂਪ ਵੇਖਿਆ ਜਾ ਸਕਦਾ ਹੈ। ਇਹ ਨਾਵਲ ਪਿੰਡ ਦੀ **ਨਿਮਨ ਕਿਰਸਾਣੀ ਦੇ ਦੁਖਾਂਤ** ਨੂੰ ਚਿਤਰਦਾ ਹੈ। ਇਸ ਨਾਵਲ ਵਿੱਚ ਚੰਗੇ ਲੋਕ ਹਾਰਦੇ ਹਨ ਅਤੇ ਮਾੜੇ ਜਿੱਤਦੇ ਹਨ। ਚੰਗੇ ਉਹ ਹਨ ਜਿਹੜੇ ਪਰੰਪਰਿਕ ਕਦਰਾਂ-ਕੀਮਤਾਂ ਨਾਲ ਜੁੜੇ ਹੋਏ ਹਨ ਅਤੇ ਮਾੜੇ ਉਹ ਜਿਹੜੇ ਇਹਨਾਂ ਕਦਰਾਂ-ਕੀਮਤਾਂ ਨੂੰ ਛੱਡ ਸਵਾਰਥੀ ਬਣ ਚੁੱਕੇ ਹਨ। ਆਸ ਦੀ ਕੋਈ-ਕੋਈ ਤੰਦ ਨਜ਼ਰ ਤਾਂ ਪੈਂਦੀ ਹੈ, ਪਰ ਕਿਸੇ ਸੁਚੱਜੇ ਜੀਵਨ ਸਿਧਾਂਤ ਦੀ ਅਣਹੋਂਦ ਵਿੱਚ ਉਸ ਦੇ ਵੀ ਮਿਟ ਜਾਣ ਦਾ ਡਰ ਹੈ। ਅਣਹੋਏ, ਕੁਵੇਲਾ, ਅੰਨ੍ਹੇ ਘੋੜੇ ਦਾ ਦਾਨ, ਆਥਣ-ਉੱਗਣ ਆਦਿ ਨਾਵਲਾਂ ਵਿੱਚ ਇਸੇ ਟਕਰਾਅ ਨੂੰ ਬਦਲਵੀਆਂ ਕਥਾਵਾਂ ਰਾਹੀਂ ਪੇਸ਼ ਕੀਤਾ ਗਿਆ ਹੈ।

ਅਸਲ ਵਿੱਚ ਨਾਵਲਕਾਰ ਇੱਕ ਅਜਿਹੇ ਜੀਵਨ-ਢੰਗ ਦੀ ਤਲਾਸ਼ ਵਿੱਚ ਹੈ, ਜਿਸ ਵਿੱਚ ਪਰੰਪਰਾ ਅਤੇ ਆਧੁਨਿਕਤਾ ਦੋਵਾਂ ਦਾ ਸੁਮੇਲ ਹੋਵੇ। ਆਪਣੇ ਬਹੁ-ਚਰਚਿਤ ਨਾਵਲ **ਪਰਸਾ** ਰਾਹੀਂ ਉਹ ਅਜਿਹੀ ਹੀ ਜੀਵਨ ਵਿਧੀ ਦੀ ਸਥਾਪਨਾ ਕਰਦਾ ਹੈ। ਨਾਵਲ ਦਾ ਮੁੱਖ ਪਾਤਰ ਪਰਸਾ ਪਰੰਪਰਾ ਅਤੇ ਆਧੁਨਿਕਤਾ ਦੋਵਾਂ ਵਿੱਚੋਂ ਉੱਤਮ ਮੁੱਲਾਂ ਦੀ ਰੱਖਿਆ ਅਤੇ ਵੇਲਾ ਵਿਹਾ ਚੁੱਕੇ ਮੁੱਲਾਂ ਦੀ ਵਿਰੋਧਤਾ ਕਰਦਾ ਹੈ। ਉਹ ਨਾ ਤਾਂ ਪਰੰਪਰਾ ਪ੍ਰਤਿ ਭਾਵੁਕ ਹੈ ਅਤੇ ਨਾ ਆਧੁਨਿਕਤਾ ਪ੍ਰਤਿ ਉਲਾਰ। ਉਸ ਲਈ ਵਿਅਕਤੀ ਨਹੀਂ ਸਗੋਂ ਕਦਰਾਂ-ਕੀਮਤਾਂ ਮਹੱਤਵਪੂਰਨ ਹਨ।

ਗੁਰਦਿਆਲ ਸਿੰਘ ਨਾਵਲਕਾਰ ਦੇ ਨਾਲ-ਨਾਲ ਇੱਕ ਮਹੱਤਵਪੂਰਨ ਕਹਾਣੀਕਾਰ ਵੀ ਹੈ। ਬਦਲਦੇ ਸੱਭਿਆਚਾਰ ਵਿੱਚ ਮਨੁੱਖੀ ਰਿਸ਼ਤੇ ਕਿਸ ਤਰ੍ਹਾਂ ਰੰਗ ਵਟਾਉਂਦੇ ਹਨ, ਇਸ ਵਿਸ਼ੇ ਨੂੰ ਗੁਰਦਿਆਲ ਸਿੰਘ ਨੇ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। ਗੁਰਦਿਆਲ ਸਿੰਘ ਦੀ ਸ਼ਖ਼ਸੀਅਤ ਦਾ ਇੱਕ ਹੋਰ ਅਹਿਮ ਪਹਿਲੂ ਉਸ ਦੁਆਰਾ ਲਿਖੇ **ਲੇਖਾਂ** ਨਾਲ ਸੰਬੰਧਿਤ ਹੈ। ਇਹਨਾਂ ਲੇਖਾਂ ਰਾਹੀਂ ਉਸ ਨੇ ਸਮਾਜ ਵਿੱਚ ਆ ਰਹੀਆਂ ਗੰਭੀਰ ਤਬਦੀਲੀਆਂ ਤੇ ਹੀ ਕਿੰਤੂ ਨਹੀਂ ਕੀਤਾ ਸਗੋਂ ਨਵੇਂ ਬਦਲ ਵੀ ਸੁਝਾਏ ਹਨ।

ਅੱਜ ਦੇ ਸਮੇਂ ਵਿੱਚ ਬਹੁਤ ਥੋੜ੍ਹੇ ਲੇਖਕ ਅਜਿਹੇ ਹਨ, ਜਿਨ੍ਹਾਂ ਦੀ ਲਿਖਤ ਨੇ ਵੱਡਿਆਂ ਅਤੇ ਬੱਚਿਆਂ ਦੋਵਾਂ ਨੂੰ ਇੱਕੋ ਜਿੰਨਾ ਪ੍ਰਭਾਵਿਤ ਕੀਤਾ ਹੋਵੇ। ਇਸ ਪ੍ਰਸੰਗ ਵਿੱਚ ਗੁਰਦਿਆਲ ਸਿੰਘ ਦੀ ਲਿਖਤ ਏਨੀ ਸਹਿਜ ਤੇ ਸਮਰੱਥ ਹੈ ਕਿ ਇਸ ਨੂੰ **ਹਰ ਉਮਰ ਦਾ ਪਾਠਕ** ਰੀਝ ਨਾਲ ਪੜ੍ਹਦਾ ਤੇ ਮਾਣਦਾ ਹੈ। **ਬੱਚਿਆਂ ਲਈ ਰਚਿਤ ਪੁਸਤਕਾਂ** ਵਿੱਚ ਉਹਨਾਂ ਵਿਭਿੰਨ ਪ੍ਰਕਾਰ ਦੀ ਜਾਣਕਾਰੀ ਨੂੰ ਰੋਚਕ ਢੰਗ ਨਾਲ ਪੇਸ਼ ਕੀਤਾ ਹੈ। ਉਦਾਹਰਨ ਵਜੋਂ **ਪੁਸਤਕ ਮਹਾਂਭਾਰਤ** (1990) ਰਾਹੀਂ ਉਹ ਬਾਲ-ਮਨ ਨੂੰ ਪੁਰਾਤਨ ਭਾਰਤੀ ਕਥਾ ਨਾਲ ਜੋੜ ਕੇ ਧਰਮ ਅਤੇ ਅਧਰਮ ਦੀ ਸੋਝੀ ਦਿੰਦਾ ਹੈ। ਇਸੇ ਤਰ੍ਹਾਂ ਧਰਤ ਸੁਹਾਵੀ

(1989) ਪੁਸਤਕ ਰਾਹੀਂ ਸੰਸਾਰ ਦੀ ਉਤਪਤੀ ਅਤੇ ਇਸਦੇ ਵਿਕਾਸ ਸੰਬੰਧੀ ਜਾਣਕਾਰੀ ਦਿੱਤੀ ਹੈ। ਟੁੱਕ ਖੋਹ ਲਏ ਕਾਵਾਂ (1964), ਲਿਖਤੁਮ ਬਾਬਾ ਖ਼ੇਮਾ (1971), ਗੱਪੀਆਂ ਦਾ ਪਿਓ (1989) ਬੱਚਿਆਂ ਲਈ ਲਿਖੀਆਂ ਕੁਝ ਹੋਰ ਪੁਸਤਕਾਂ ਹਨ।

**ਨਿਆਣ ਮੱਤੀਆਂ (1999) ਅਤੇ ਦੂਜੀ ਦੇਹੀ (2000) ਗੁਰਦਿਆਲ ਸਿੰਘ ਦੁਆਰਾ ਰਚਿਤ ਸ੍ਵੈਜੀਵਨੀ ਦੇ ਦੋ ਭਾਗ ਹਨ।** ਪਹਿਲੇ ਭਾਗ ਵਿੱਚ ਉਹ ਆਪਣੇ ਜੀਵਨ ਦੇ **ਪਹਿਲੇ ਸੋਲਾਂ** ਸਾਲਾਂ ਦੇ ਅਤੇ ਦੂਜੇ ਭਾਗ ਵਿੱਚ ਇਸ ਤੋਂ ਬਾਅਦ ਦੇ ਜੀਵਨ ਦਾ ਜ਼ਿਕਰ ਕਰਦਾ ਹੈ। ਸ੍ਵੈਜੀਵਨੀ ਦੇ ਇਹਨਾਂ ਦੋਵਾਂ ਭਾਗਾਂ ਵਿੱਚ ਉਹਨਾਂ ਘਟਨਾਵਾਂ ਅਤੇ ਵਿਅਕਤੀਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਕਿਸੇ ਨਾ ਕਿਸੇ ਰੂਪ ਵਿੱਚ ਲੇਖਕ ਦੀ ਸਾਹਿਤ ਸਿਰਜਣ ਪ੍ਰਕਿਰਿਆ ਨੂੰ ਪ੍ਰਭਾਵਿਤ ਅਤੇ ਪ੍ਰੇਰਿਤ ਕੀਤਾ।

**ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਉਨ੍ਹਾਂ ਨੂੰ 'ਸਾਡੇ ਸਮਿਆਂ ਦਾ ਸੱਭ ਤੋਂ ਵੱਡਾ ਲੇਖਕ' ਦਸਦੇ ਹਨ ਉਥੇ ਉੱਘੇ ਆਲੋਚਕ ਡਾ. ਟੀ.ਆਰ. ਵਿਨੋਦ ਉਨ੍ਹਾਂ ਨੂੰ 'ਪੰਜਾਬੀ ਦਾ ਪਹਿਲਾ ਫ਼ਿਲਾਸਫ਼ਰ ਗਲਪਕਾਰ' ਕਹਿੰਦੇ ਹਨ।**

ਗੁਰਦਿਆਲ ਸਿੰਘ ਦਾ ਮਿਤੀ 16 ਅਗਸਤ 2016 ਨੂੰ ਸੰਖੇਪ ਬੀਮਾਰੀ ਪਿਛੋਂ ਦਿਹਾਂਤ ਹੋ ਗਿਆ।

## ਰਚਨਾਵਾਂ

**ਨਾਵਲ**

- ਮੜ੍ਹੀ ਦਾ ਦੀਵਾ (1964) (ਪਹਿਲਾ ਨਾਵਲ)
- ਅਣਹੋਏ (1966)
- ਰੇਤੇ ਦੀ ਇੱਕ ਮੁੱਠੀ (1968)
- ਕੁਵੇਲਾ (1969)
- ਅੱਧ ਚਾਨਣੀ ਰਾਤ (1972)
- ਆਥਣ ਉੱਗਣ (1979)
- ਅੰਨ੍ਹੇ ਘੋੜੇ ਦਾ ਦਾਨ (1976) (ਫਿਲਮ ਵੀ ਬਣੀ)
- ਪਹੁ ਫੁਟਾਲੇ ਤੋਂ ਪਹਿਲਾਂ (1982)
- ਪਰਸਾ (1992)
- ਆਹਣ (2008-09)

**ਕਹਾਣੀ ਸੰਗ੍ਰਹਿ**

- ਸੱਗੀ ਫੁੱਲ (1962)
- ਓਪਰਾ ਮਨੁੱਖ (1965)
- ਕੁੱਤਾ ਤੇ ਆਦਮੀ (1972)
- ਚੋਣਵੀਆਂ ਕਹਾਣੀਆਂ (1988)
- ਕਰੀਰ ਦੀ ਢਿੰਗਰੀ (1991)
- ਚੰਨ ਦਾ ਬੂਟਾ
- ਕੁੱਤਾ 'ਤੇ ਆਦਮੀ
- ਮਸਤੀ ਬੋਤਾ
- ਰੁੱਖੇ ਮਿੱਸੇ ਬੰਦੇ
- ਬੇਗਾਨਾ ਪਿੰਡ
- ਪੱਕਾ ਟਿਕਾਣਾ
- ਮੇਰੀ ਪ੍ਰਤਿਨਿਧ ਰਚਨਾ (ਪੰਜਾਬੀ ਯੂਨੀਵਰਸਿਟੀ)

**ਨਾਟਕ**

1. ਫ਼ਰੀਦਾ ਰਾਤੀਂ ਵੱਡੀਆਂ **(ਅੱਧ ਚਾਨਣੀ ਰਾਤ ਉੱਪਰ ਅਧਾਰਿਤ)**
2. ਵਿਦਾਇਗੀ ਤੋਂ ਪਿੱਛੋਂ
3. ਨਿੱਕੀ ਮੋਟੀ ਗੱਲ

**ਵਾਰਤਕ**

- ਪੰਜਾਬ ਦੇ ਮੇਲੇ 'ਤੇ ਤਿਓਹਾਰ
- ਦੁਖੀਆ ਦਾਸ ਕਬੀਰ ਹੈ
- ਸਤਜੁਗ ਦੇ ਆਉਣ ਤੱਕ (2002)
- ਡਗਮਗ ਛਾਡ ਰੇ ਮਨ ਬਉਰਾ (2004)
- ਲੇਖਕ ਦਾ ਅਨੁਭਵ ਤੇ ਸਿਰਜਣ ਪ੍ਰਕਿਰਿਆ
- ਬੰਬਈ ਸ਼ਹਿਰ ਕਹਿਰ ਸਵਾ ਪਹਿਰ

**ਬਾਲ ਸਾਹਿਤ**


- ਬਕਲਮ ਖ਼ੁਦ
- ਮਹਾਂਭਾਰਤ
- ਧਰਤ ਸੁਹਾਵੀ (1989)
- ਟੁੱਕ ਖੋਹ ਲਏ ਕਾਵਾਂ (1964)
- ਲਿਖਤੁਮ ਬਾਬਾ ਖ਼ੇਮਾ (1971)
- ਗੱਪੀਆਂ ਦਾ ਪਿਓ (1989)
- ਤਿੰਨ ਕਦਮ ਧਰਤੀ
- ਖੱਟੇ ਮਿੱਠੇ ਲੋਕ
- ਜੀਵਨ ਦਾਸੀ ਗੰਗਾ
- ਕਾਲੂ ਕੌਤਕੀ
- ਢਾਈ ਕਦਮ ਧਰਤੀ
- ਜੀਵਨ ਦਾਤੀ ਗੰਗਾ(ਦੋ ਭਾਗ)

**ਸਵੈ-ਜੀਵਨੀ**

- 'ਨਿਆਣ ਮੱਤੀਆਂ' (1999)
- 'ਦੂਜੀ ਦੇਹੀ' (2000)

**ਸੰਪਾਦਿਤ**

- ਪੰਜਾਬੀ ਕਥਾ ਕਿਤਾਬ




**ਅਨੁਵਾਦ**

- ਮੇਰਾ ਬਚਪਨ (ਗੋਰਕੀ)
- ਭੁੱਲੇ ਵਿੱਸਰੇ(ਭਗਵਤੀ ਚਰਨ ਵਰਮਾ)
- ਮ੍ਰਿਗਨੈਨੀ(ਵਰਿੰਦਾਵਨ ਲਾਲ ਵਰਮਾ)
- ਬਿਰਾਜ ਬਹੂ(ਸ਼ਰਤ ਚੰਦਰ)
- ਜ਼ਿੰਦਗੀਨਾਮਾ (ਕ੍ਰਿਸ਼ਨਾ ਸੋਬਤੀ

**ਸਨਮਾਨ**

- ਗੁਰਦਿਆਲ ਸਿੰਘ ਨੇ 1998 ਵਿੱਚ ਭਾਰਤੀ ਰਾਸ਼ਟਰਪਤੀ ਵੱਲੋਂ ਪਦਮ ਸ੍ਰੀ ਅਵਾਰਡ ਹਾਸਲ ਕੀਤਾ।[6]
- ਇਸ ਤੋਂ ਬਿਨਾਂ 1999 ਵਿੱਚ ਗਿਆਨਪੀਠ ਅਵਾਰਡ,[7]
- ਭਾਰਤੀ ਸਾਹਿਤ ਅਕਾਦਮੀ ਅਵਾਰਡ, ਅੱਧ ਚਾਨਣੀ ਰਾਤ (1975),
- ਨਾਨਕ ਸਿੰਘ ਨਾਵਲਿਸਟ ਅਵਾਰਡ (1975),
- ਸੋਵੀਅਤ ਨਹਿਰੂ ਅਵਾਰਡ (1986),
- ਨਾਵਲਕਾਰ ਸ. ਗੁਰਦਿਆਲ ਸਿੰਘ ਨਾਮ 2015 ਵਿਚ 'ਲਿਮਕਾ ਬੁੱਕ ਆਫ਼ ਰਿਕਾਰਡ' 'ਚ ਦਰਜ ਕੀਤਾ ਗਿਆ
- ਨਾਵਲ ਮੜ੍ਹੀ ਦਾ ਦੀਵਾ 'ਤੇ ਬਣੀ ਫਿਲਮ ਨੇ ਬੈਸਟ ਰੀਜ਼ਨਲ ਫ਼ਿਲਮ ਅਵਾਰਡ 1989 ਹਾਸਲ ਕੀਤਾ।
- ਭਾਸ਼ਾ ਵਿਭਾਗ, ਪੰਜਾਬ ਵੱਲੋਂ ਇਸ ਨੂੰ ਵਧੀਆ ਗਲਪ ਲਿਖਣ ਲਈ 1966-75 ਈ. ਦੌਰਾਨ ਪੰਜ ਵਾਰ ਇਨਾਮ ਮਿਲਿਆ।

- ਸੰਨ 1975 ਵਿਚ ਇਸ ਨੂੰ ਪੰਜਾਬ ਸਰਕਾਰ ਵੱਲੋਂ ਨਾਨਕ ਸਿੰਘ ਐਵਾਰਡ ਪ੍ਰਾਪਤ ਹੋਇਆ । ਇਸੇ ਸਾਲ ਹੀ ਇਸ ਨੂੰ ਸਾਹਿਤ ਅਕਾਦਮੀ ਐਵਾਰਡ ਭੇਟ ਕੀਤਾ ਗਿਆ।
- ਸੰਨ 1979 ਵਿਚ ਗੁਰਦਿਆਲ ਸਿੰਘ ਨੂੰ ਪੰਜਾਬ ਆਰਟਸ ਕੌਂਸਲ ਵੱਲੋਂ ਇਨਾਮ ਮਿਲਿਆ। ਇਸ ਦੀ ਵਡ-ਅਕਾਰੀ ਸਾਹਿਤਕ ਘਾਲਣਾ ਨੂੰ ਮੱਦੇ ਨਜ਼ਰ ਰੱਖ ਕੇ ਇਸ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ 1992 ਈ. ਦਾ ਸ਼੍ਰੋਮਣੀ ਸਾਹਿਤਕਾਰ ਸਨਮਾਨ ਦਿੱਤਾ ਗਿਆ।